بسم اللہ الرحمن الرحیم

# ਖ਼ੁਲਾਸਾ ਖ਼ੁਤਬਾ ਜੁਮੱਾ 08.08.2014

**ਸਯੱਦਨਾ ਹਜ਼ਰਤ ਅਮੀਰੁਲ ਮੋਮਨੀਨ ਖ਼ਲੀਫ਼ਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦਾ ਮਸਜਿਦ ਬੈਤੁਲ ਫ਼ੁਤੂਹ ਲੰਦਨ ਤੋਂ ਜੁੱਮੇ ਦਾ ਖ਼ੁਤਬਾ ਮਿਤੀ 08/08/2014**

**ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਹੇਠਾਂ ਦਰਜ ਪਵਿਤੱਰ ਆਇਤ ਦੀ ਤਲਾਵਤ ਕੀਤੀ :**

(أَمَّنْ يُجِيبُ الْمُضْطَرَّ إِذَا دَعَاهُ وَيَكْشِفُ السُّوءَ وَيَجْعَلُكُمْ خُلَفَاءَ الْأَرْضِ أَإِلَٰهٌ مَعَ اللَّهِ قَلِيلًا مَا تَذَكَّرُونَ (النمل: 63))

**ਅੰਮੰਯੁਜੀਬੁਲ ਮੁਜ਼ਤਰੱ ਇਜ਼ਾ ਦਆਹੁ ਵ ਯਕਸ਼ਿਫ਼ੁਸ ਸੂਆ ਵ ਯਜਅਲੁਕੁਮ ਖ਼ੁਲੁਫ਼ਾਅਲ ਅਰਜ਼ਿ ਆ ਇਲਾਹੁਨ ਮਾਅਲੱਾਹਿ ਕਲੀਲੰ ਮਾ ਤਜ਼ਕੱਰੂਨ (ਸੂਰਤ ਨਮਲ : 63)**

ਇਸ ਆਇਤ ਦਾ ਅਰਥ ਹੈ ਕਿ ਜਾਂ ਫਿਰ ਉਹ ਕੌਣ ਹੈ ਜੋ ਵਿਆਕੁਲ ਦੀਆਂ ਦੁਆਵਾਂ ਨੂੰ ਕੁਬੂਲ ਕਰਦਾ ਹੈ ਜੱਦ ਕਿ ਉਹ ਉਸ ਨੂੰ ਪੁਕਾਰੇ, ਅਤੇ ਉਹ ਉਸਦੇ ਕਸ਼ਟ ਦੂਰ ਕਰ ਦਿੰਦਾ ਹੈ ਅਤੇ ਤੁਹਾਨੂੰ ਧਰਤੀ ਦਾ ਵਾਰਸ ਬਣਾਉਂਦਾ ਹੈ । ਕੀ ਅਲੱਾਹ ਨਾਲ ਕੋਈ ਹੋਰ ਪੂਜਨ ਯੋਗ ਹੈ ? ਬਹੁਤ ਘੱਟ ਹਨ ਜੋ ਨਸੀਹਤ ਫ਼ੜਦੇ ਹਨ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵਾਰ ਵਾਰ ਆਪਣੀ ਜਮਾਤ ਦੇ ਲੋਕਾਂ ਨੂੰ ਇਹੋ ਉਪਦੇਸ਼ ਦਿਤੱਾ ਕਿ ਦੁਆਵਾਂ ਵੱਲ ਬਹੁਤ ਧਿਆਨ ਦਿਓ ਕਿਉਂਕਿ ਜਮਾਤ ਦੀ ਤਰੱਕੀ ਤੇ ਜਮਾਤ ਦਾ ਗ਼ਲਬਾ ਅਤੇ ਦੁਸ਼ਮਣਾ ਦੇ ਧੋਖਿਆਂ ਤੇ ਕਾਰਵਾਈਆਂ ਤੋਂ ਮੁਕਤੀ ਦੁਆਵਾਂ ਨਾਲ ਹੀ ਮਿਲਣੀ ਹੈ । ਆਪ ਨੇ ਬਹੁਤ ਹੀ ਸਪਸ਼ਟ ਰੂਪ ਵਿੱਚ ਫ਼ਰਮਾਇਆ ਕਿ ਗ਼ਾਲਬ ਆਉਣ ਵਾਲਾ ਹੱਥਿਆਰ ਦੁਆ ਹੀ ਹੈ । ਇਸ ਲਈ ਜੱਦ ਅਸੀਂ ਸਾਰੀਆਂ ਤਰੱਕੀਆਂ ਦੁਆਵਾਂ ਦੇ ਤੁਫ਼ੈਲ ਹੀ ਦੇਖਣੀਆਂ ਹਨ ਅਤੇ ਹਰ ਦੁਸ਼ਮਣ ਨੂੰ ਦੁਆਵਾਂ ਰਾਹੀਂ ਨੀਵਿਆਂ ਕਰਨਾ ਹੈ ਤਾਂ ਫਿਰ ਦੁਆ ਦੀ ਇਸ ਮਹਤੱਤਾ ਨੂੰ ਸਾਹਮਣੇ ਰੱਖਦੇ ਹੋਏ ਸਾਨੂੰ ਕਿੰਨ੍ਹਾ ਧਿਆਨ ਦੁਆ ਵੱਲ ਦੇਣਾ ਚਾਹੀਦਾ ਹੈ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਅਸੀਂ ਕਿਨ੍ਹਾ ਧਿਆਨ ਇਸ ਪਾਸੇ ਦੇ ਰਹੇ ਹਾਂ । ਇਸ ਦਾ ਅੰਦਾਜ਼ਾ ਤੇ ਪੜਤਾਲ ਹਰ ਕੋਈ ਆਪਣੀ ਹਾਲਤ ਦੇਖ ਕੇ ਲਗਾ ਸਕਦਾ ਹੈ ਅਤੇ ਜਾਇਜ਼ਾ ਲੈ ਸਕਦਾ ਹੈ । ......

ਰਮਜ਼ਾਨ ਦੇ ਬਾਦ ਅਸੀਂ ਆਮ ਕਰਕੇ ਦੁਆਵਾਂ ਵੱਲ ਇਸ ਲਈ ਧਿਆਨ ਨਹੀਂ ਰੱਖਦੇ ਅਤੇ ਉਹ ਮਗਨਤਾ ਨਹੀਂ ਹੁੰਦੀ ਜਿਵੇਂ ਕਿ ਰਮਜ਼ਾਨ ਵਿੱਚ ਹੁੰਦੀ ਹੈ । ਇਸ ਸਮੇਂ ਦੁਨੀਆ ਦੇ ਹਾਲਾਤ, ਵਿਸ਼ੇਸ਼ ਤੌਰ'ਤੇ ਮੁਸਲਮਾਨਾਂ ਦੇ ਹਲਾਤ, ਫ਼ਲਸਤੀਨੀਆਂ 'ਤੇ ਇਸਰਾਈਲ ਦਾ ਨਿਰੰਤਰ ਜ਼ਾਲਮਾਨਾ ਹਮਲਾ, ਜਿਸ'ਤੇ ਕੱਲ ਤੱਕ ਆਰਜ਼ੀ ਰੋਕ ਲੱਗੀ ਹੋਈ ਸੀ ਪਰ ਅੱਜ ਸੁਣਿਆ ਹੈ ਕਿ ਉਹ ਸੀਜ਼ਫ਼ਾਇਰ ਖ਼ਤਮ ਹੋ ਗਈ ...... । ਬਹਿਰਹਾਲ ਰੱਬ ਕਰੇ ਕੋਈ ਅਜਿਹੀ ਅਵਸਥਾ ਪੈਦਾ ਹੋਵੇ ਜਿਸ ਨਾਲ ਇਹ ਜੰਗ ਪੂਰਨ ਰੂਪ ਵਿਚ ਬੰਦ ਹੋ ਜਾਵੇ ਅਤੇ ਜ਼ੁਲਮ ਬੰਦ ਹੋਵੇ । ਅਤੇ ਅਸੀਂ ਇਹ ਵੀ ਦੇਖਦੇ ਹਾਂ ਕਿ ਮੁਸਲਮਾਨਾਂ ਦਾ ਇਕ ਦੂਜੇ ਉਪੱਰ ਜ਼ੁਲਮ ਤੇ ਅਤਿਆਚਾਰ ਢਾਹੁਣਾ ਅਤੇ ਕਤਲ ਗ਼ਾਰਤ ਮਚਾਉਂਣ ਦੀ ਵੀ ਅਤਿ ਹੋ ਰਹੀ ਹੈ । ਅਤੇ ਫਿਰ ਜ਼ੁਲਮ ਦੀ ਵੀ ਅਤਿ ਹੈ ਕਿ ਕਲਮਾ ਪੜ੍ਹਨ ਵਾਲਿਆਂ ਵੱਲੋਂ, ਇਹ ਕਿ ਅਲੱਾਹ ਤੇ ਰਸੂਲ ਦੇ ਨਾਂ 'ਤੇ ਅਮਹਦੀਆਂ ਉਪੱਰ ਜ਼ੁਲਮ ਕਰ ਰਹੇ ਹਨ ਅਤੇ ਢੀਠਪੁਣੇ ਨਾਲ ਇਸ ਜ਼ੁਲਮ ਨੂੰ ਅਰੰਭ ਰੱਖਣ ਲਈ ਬਹਾਨੇ ਵੀ ਭਾਲਦੇ ਹਨ ਅਤੇ ਬਿਆਨ ਵੀ ਦੇਈ ਜਾਂਦੇ ਹਨ, ਜਾਰੀ ਰੱਖਣਾ ਚਾਹੁੰਦੇ ਹਨ । ਹਰ ਪਧੱਰ ਤੇ ਹਰ ਪੱਖੋਂ ਅਹਮਦੀਆਂ ਨੂੰ ਕਸ਼ਟ ਦੇਣਾ ਅਤੇ ਉਹਨਾਂ 'ਤੇ ਜ਼ੁਲਮ ਢਾਈ ਜਾਣਾ ਪਾਕਿਸਤਾਨ ਵਿੱਚ ਮੁਲੱਾਵਾਂ ਦੇ ਪ੍ਰਭਾਵ ਹੇਠ ਅਧਿਕਤਰ ਗ਼ੈਰ ਅਹਮਦੀਆਂ ਦਾ ਜਾਂ ਬਹੁਤ ਵੱਡੀ ਗਿਣਤੀ ਦਾ ਹੁਣ ਇਹ ਸ਼ੇਵਾ ਬਣ ਚੁੱਕਿਆ ਹੈ ਅਤੇ ਅਗਲੀ ਪੀੜ੍ਹੀ ਦੇ ਬੱਚਿਆਂ

ਵਿੱਚ ਵੀ ਇਹ ਵਿਸ਼ ਘੋਲਿਆ ਜਾ ਰਿਹਾ ਹੈ, ਉਹਨਾਂ ਦੀ ਸੋਚ ਨੂੰ ਵਿਸ਼ਮਈ ਬਣਾਇਆ ਜਾ ਰਿਹਾ ਹੈ, ਉਹਨਾਂ ਦੇ ਮੂੰਹੋਂ ਵੀ ਇਹ ਸ਼ਬਦ ਨਿਕਲਦੇ ਹਨ, ਬੱਚਿਆਂ ਦੇ ਮੂੰਹੋਂ ਵੀ ਜਿਨ੍ਹਾ ਨੂੰ ਪਤਾ ਹੀ ਨਹੀਂ ਕਿ ਧਰਮ ਕੀ ਹੈ ਜਾਂ ਕੀ ਨਹੀਂ ਹੈ, ਜਾਂ ਦੁਸ਼ਮਣੀ ਕੀ ਹੁੰਦੀ ਹੈ ਜਾਂ ਕੀ ਨਹੀਂ ਹੁੰਦੀ ਹੈ ਕਿ ਅਹਮਦੀ ਕਾਫ਼ਰ ਹਨ ਅਤੇ ਉਹਨਾਂ ਨੂੰ ਕਤਲ ਕਰਨਾ ਜਾਇਜ਼ ਹੈ ...... ਇਹਨਾਂ ਮੁਸੀਬਤਾਂ ਦੇ ਦੌਰ ਵਿੱਚ ਸਾਨੂੰ ਪਹਿਲਾਂ ਤੋਂ ਵੱਧਕੇ ਅਲੱਾਹ ਵੱਲ ਝੁਕਣ ਦੀ ਲੋੜ ਹੈ । ਇਸ ਲਈ ਆਪਣੀਆਂ ਦੁਆਵਾਂ ਵਿੱਚ ਕਮੀ ਨ ਆਉਣ ਦਿਓ । ਬਾਕੀ ਮੁਸਲਮਾਨ ਤਾਂ ਇਕ ਦੂਜੇ ਉਪੱਰ ਜ਼ੁਲਮ ਦਾ ਉੱਤਰ ਜ਼ੁਲਮ ਨਾਲ ਦੇਕੇ ਆਪਣਾ ਹਿਸਾਬ ਪੂਰਾ ਕਰ ਲੈਂਦੇ ਹਨ, ਪਰ ਅਸੀਂ ਤਾਂ ਹਰ ਜ਼ੁਲਮ ਨੂੰ ਆਹ-ਪੁਕਾਰ ਵਿੱਚ ਗੜੂੰਦ ਕੇ ਖ਼ਤਮ ਕਰਨਾ ਹੈ ਅਰਥਾਤ ਰੱਬ ਦੇ ਦਰ'ਤੇ ਰੋਂਦਿਆਂ ਕੁਰਲਾਉਂਦਿਆਂ ਦੁਆਵਾਂ ਮੰਗਕੇ ਖ਼ਤਮ ਕਰਨਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਇਕ ਸ਼ੇਅਰ ਵਿੱਚ ਇਉਂ ਫ਼ਰਮਾਇਆ ਸੀ:

ਅਦੁਵ ਜਬ ਬੜ੍ਹ ਗਿਆ ਸ਼ੋਰੋ ਫ਼ਗ਼ਾਂ ਮੇਂ ।
ਨਿਹਾਂ ਹਮ ਹੋ ਗਏ ਯਾਰੇ ਨਿਹਾਂ ਮੇਂ ।।

ਸੋ, ਯਾਰੇ ਨਿਹਾਂ (ਗੁਪਤ ਮਿੱਤਰ ਅਰਥਾਤ ਰੱਬ ਦੇ ਅਥਾਹ ਸਾਗਰ) ਵਿੱਚ ਡੁਬੱਣ ਜਾਂ ਗੋਤੇ ਮਾਰਨ ਦੀ ਲੋੜ ਹੈ । ਆਪਣੇ ਅੰਦਰ ਉਹ ਅਵਸਥਾ ਪੈਦਾ ਕਰਨ ਦੀ ਲੋੜ ਹੈ ਜੋ ਅਰਸ਼ ਨੂੰ ਹਿਲਾ ਦੇਣ ਵਾਲੀ ਹੋਵੇ । ਉਹ ਦੁਆਵਾਂ ਕਰਨ ਦੀ ਲੋੜ ਹੈ ਜਿੰਨ੍ਹਾ ਦਾ ਪੱਖ ਇਕ ਪਾਸੇ ਹੋਵੇ, ਵੱਖ ਵੱਖ ਦੁਆਵਾਂ ਨ ਹੋਣ ...... ਸੋ, ਜੱਦ ਸਾਡੀ ਇਹ ਇਛੱਾ ਹੈ ਕਿ ਹਰ ਇਕ ਦੀ ਇਸ ਔਕੜ ਦਾ ਇਹ ਸਮਾਂ ਛੇਤੀ ਖ਼ਤਮ ਹੋਵੇ ਤਾਂ ਸਾਨੂੰ ਆਪਣੀਆਂ ਦੁਆਵਾਂ ਦਾ ਧਾਰੇ ਜਮਾਤੀ ਦੁਅਆਵਾਂ ਤੇ ਦੁਸ਼ਮਣ ਦੀਆਂ ਭੈੜੀਆਂ ਨੀਤਾਂ ਤੋਂ ਬਚਣ ਲਈ ਇਕ ਪੱਖੀ ਕਰਨ ਦੀ ਲੋੜ ਹੈ ......। ਇਸ ਲਈ ਪਾਕਿਸਤਾਨ ਦੇ ਅਹਮਦੀਆਂ ਨੂੰ ਚਾਹੀਦਾ ਹੈ, ਉਹ ਅਮੀਰ ਹਨ, ਗ਼ਰੀਬ ਹਨ, ਪਰੁਸ਼ ਹਨ ਜਾਂ ਇਸਤਰੀਆਂ ਹਨ ਉਹਨਾਂ ਨੂੰ ਵਿਸ਼ੇਸ਼ ਰੂਪ ਵਿੱਚ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਕਿਉਂਕਿ ਅਹਮਦੀਅਤ ਦੇ ਹਵਾਲੇ ਨਾਲ ਇਸ ਸਮੇਂ ਪਾਕਿਸਤਾਨ ਵਿੱਚ ਸਭ ਤੋਂ ਅਧਿਕ ਜ਼ੁਲਮ ਹੋ ਰਿਹਾ ਹੈ । ਅਤੇ ਦੁਨੀਆ ਦੇ ਅਹਮਦੀਆਂ ਨੂੰ ਵੀ ਆਮ ਤੌਰ'ਤੇ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਕਿਉਂਕਿ ਅਹਮਦੀਅਤ ਦੀ ਫ਼ਤਹਿ ਨਾਲ ਹੀ ਦੁਨੀਆ ਦਾ ਜੀਵਨ ਸੰਬੰਧਤ ਹੈ । ਮੁਸਲਮਾਨਾਂ ਦਾ ਅਲੱਾਹ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨਾ ਅਹਮਦੀਅਤ ਦੀ ਫ਼ਤਹਿ ਨਾਲ ਹੀ ਸੰਬੰਧਤ ਹੈ । ਜ਼ੁਲਮ, ਤਸ਼ਦੱਦ ਤੇ ਅਤਿਆਚਾਰ ਦਾ ਖ਼ਾਤਮਾ ਇਸੇ ਨਾਲ ਸੰਬੰਦਤ ਹੈ ।

ਇਸ ਲਈ ਫ਼ਲਸਤੀਨੀਆਂ ਨੂੰ ਜ਼ੁਲਮ ਤੋਂ ਆਜ਼ਾਦ ਕਰਵਾਉਂਣਾ ਜਾਂ ਮੁਸਲਮਾਨਾਂ ਨੂੰ ਜ਼ਾਲਮ ਹੁਕੁਮਰਾਨਾ ਤੋਂ ਆਜ਼ਾਦ ਕਰਵਾਉਣਾ ਅਤੇ ਮੁਸਲਮਾਨਾ ਨੂੰ ਉਹਨਾ ਦੇ ਆਪਣੇ ਜ਼ਾਲਮ ਹੁਕਮਰਾਨਾ ਤੋਂ ਆਜ਼ਾਦ ਕਰਵਾਉਂਣਾ ਹੈ । ਇਸ ਦੀ ਜ਼ਮਾਨਤ ਕੇਵਲ ਅਮਹਦੀਆਂ ਦੀਆਂ ਦੁਆਵਾਂ ਹੀ ਬਣ ਸਕਦੀਆਂ ਹਨ । ਇਹਨਾਂ ਦੁਆਵਾਂ ਦਾ ਹੱਕ ਪੂਰਾ ਕਰਨ ਦੀ ਸਾਨੂੰ ਲੋੜ ਹੈ । ਇਸ ਸਮੇਂ ਜ਼ੁਲਮ ਦੀ ਚੱਕੀ ਵਿੱਚ ਸਭ ਤੋਂ ਅਧਿਕ ਅਮਹਦੀ ਹੀ ਪੀਹੇ ਜਾ ਰਹੇ ਹਨ । ਇਸ ਲਈ ਸਾਡੀਆਂ ਦੁਆਵਾਂ ਹੀ ਨਿਰੰਤਰ ਦੁਆਵਾਂ ਦਾ ਰੂਪ ਧਾਰ ਕੇ ਨ ਕੇਵਲ ਆਪਣੀ ਆਜ਼ਾਦੀ ਸਗੋਂ ਮਾਨਵਤਾ ਨੂੰ ਵੀ ਜ਼ੁਲਮਾ ਤੋਂ ਮੁਕਤੀ ਦਾ ਸਾਧਨ ਬਣ ਸਕਦੀ ਹੈ ।

ਇਸ ਲਈ ਸਾਨੂੰ ਆਪਣੀਆਂ ਜ਼ਿੰਮੇਦਾਰੀਆਂ ਨੂੰ ਸਮਝਣ ਦੀ ਵਿਸ਼ੇਸ਼ ਲੋੜ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮੁਸੀਬਤਾਂ ਵਿੱਚ ਹੀ ਦੁਆਵਾਂ ਦੇ ਅਦਭੁਤ ਗੁਣ, ਵਿਸ਼ੇਸ਼ਤਾਵਾਂ ਅਤੇ ਪ੍ਰਭਾਵ ਪ੍ਰਗਟ ਹੁੰਦੇ ਹਨ ਅਤੇ ਸੱਚ ਤਾਂ ਇਹ ਹੈ ਕਿ ਸਾਡਾ ਰੱਬ ਦੁਆਵਾਂ ਤੋਂ ਹੀ ਪਛਾਣਿਆਂ ਜਾਂਦਾ ਹੈ । ਇਸ ਲਈ ਜਿਵੇਂ ਕਿ ਮੈਂ ਕਿਹਾ ਕਿ ਅੱਜ ਅਹਮਦੀਆਂ ਤੋਂ ਵੱਧ ਕੌਣ ਮੁਸੀਬਤਾਂ ਵਿੱਚ ਪਾਇਆ ਜਾ ਰਿਹਾ ਹੈ । ਅੱਜ ਅਹਮਦੀਆਂ ਤੋਂ ਵੱਧ ਕੌਣ ਹੈ ਜਿਸ ਉਪੱਰ ਹਰ ਪੱਖੋਂ ਜ਼ੁਲਮ ਤੇ ਅਤਿਆਚਾਰ ਕਈ ਮੁਸਲਮਾਨ ਦੇਸ਼ਾਂ ਵਿੱਚ ਜਾਰੀ ਰੱਖਿਆ ਹੋਇਆ ਹੈ । ਇਹਨਾਂ ਦੇਸ਼ਾਂ ਦੇ ਅਨੇਕਾਂ ਹੀ ਭਲੇਮਾਨਸ ਸਜੱਣ ਸਗੋਂ ਸਾਰੇ ਹੀ ਆਖਣਾ ਚਾਹੀਦਾ ਹੈ ਉਹਨਾਂ ਦੀ ਸ਼ਰਾਫ਼ਤ ਜਿਵੇਂ ਕਿ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਸ ਰਹਿਮਾਹੁਲੱਾਹ ਕਿਹਾ ਕਰਦੇ ਸਨ ਕਿ ਸ਼ਰਾਫ਼ਤ ਗੁੰਗੀ ਹੋ ਚੁਕੀ ਹੈ । ਅਜੇਹੇ ਸਮੇਂ ਚਮਤਕਾਰਕ ਦੁਆਵਾਂ ਦੇ ਫ਼ੈਜ਼ ਪ੍ਰਾਪਤ ਕਰਨ ਲਈ ਸਾਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਇਹ ਆਇਤ ਜੋ ਮੈਂ ਤਲਾਵਤ

ਕੀਤੀ ਹੈ ਇਸ ਵਿੱਚ ਅਲਾਹ ਤਆਲਾ ਨੇ ਇਹੋ ਫ਼ਰਮਾਇਆ ਹੈ ਕਿ ਦੇਖੋ ਮੁਸੀਬਤ ਵਿੱਚ ਫ਼ਸੇ ਲੋਕਾਂ ਦੀਆਂ ਦੁਆਵਾਂ ਕੌਣ ਕੁਬੂਲ ਕਰਦਾ ਹੈ ? ਕੇਵਲ ਅਲੱਾਹ ਹੀ ਕੁਬੂਲ ਕਰਦਾ ਹੈ । ਅਤੇ ਜੱਦ ਉਹ ਅਜਿਹੀ ਅਵਸਥਾ ਵਿੱਚ ਹੋਣ, ਜੱਦ ਵਿਆਕੁਲ ਹੋਣ, ਵਿਆਕੁਲ ਉਸ ਨੂੰ ਕਹਿੰਦੇ ਹਨ ਜੋ ਆਪਣੇ ਚਾਰੇ ਪਾਸੇ ਔਕੁੜਾ ਤੇ ਮੁਸੀਬਤਾਂ ਨੂੰ ਦੇਖਦਾ ਹੈ । ਆਪਣੀ ਸਫ਼ਲਤਾ ਦਾ ਕੋਈ ਭੌਤਕ ਜਾਂ ਸੰਸਾਰਕ ਸਧਨ ਨਹੀਂ ਦਿਖਾਈ ਦਿੰਦਾ ਅਤੇ ਕੇਵਲ ਤੇ ਕੇਵਲ ਇਕ ਮਾਰਗ ਦਿਖਾਈ ਦਿੰਦਾ ਹੈ ਅਤੇ ਉਹ ਮਾਰਗ ਰੱਬ ਵੱਲ ਜਾਣ ਦਾ ਹੈ । ਖ਼ੁਦਾ ਤਆਲਾ ਕਹਿੰਦਾ ਹੈ ਕਿ ਇਹ ਵਿਆਕੁਲ ਹਨ, ਜੋ ਮੇਰੇ ਵੱਲ ਆਉਂਦੇ ਹਨ ਜਿੰਨ੍ਹਾ ਲਈ ਦੁਨੀਆ ਦੇ ਸਾਰੇ ਮਾਰਗ ਬੰਦ ਤੇ ਖ਼ਤਮ ਹੋ ਚੁਕੇ ਹੁੰਦੇ ਹਨ । .........

ਇਸ ਲਈ ਜੋ ਮਨੁੱਖ ਅਜਿਹਾ ਵਿਆਕੁਲ ਬਣ ਜਾਵੇ ਜੋ ਰੱਬ ਤੋਂ ਬਿਨਾਂ ਕਿਸੇ ਨੂੰ ਵੀ ਆਪਣੀ ਜਾਏ-ਪਨਾਹ ਤੇ ਰੱਖਿਆ ਅਸਥਾਨ ਨ ਸਮਝੇ । ਜੋ ਰੱਬ ਤੋਂ ਬਿਨਾ ਕਿਸੇ ਹੋਰ ਨੂੰ ਇਹਨਾਂ ਔਕੁੜਾਂ ਤੇ ਮੁਸੀਬਤਾਂ ਤੋਂ ਮੁਕਤੀ ਪਾਉਂਣ ਵਾਲਾ ਨ ਸਮਝੇ, ਉਹੋ ਹੀ ਹਕੀਕੀ ਵਿਆਕੁਲ ਹੈ । ਅਤੇ ਉਸ ਦੀਆਂ ਦੁਆਵਾਂ ਅਦਭੁਤ ਚਮਤਕਾਰ ਦਿਖਾਉਣ ਵਾਲੀਆਂ ਬਨਦੀਆਂ ਹਨ । ਦੁਆਵਾਂ ਦੀ ਪਰਵਾਨਗੀ ਲਈ ਇਹ ਵਿਸ਼ਵਾਸ ਸਾਨੂੰ ਆਪਣੇ ਅੰਦਰ ਪੈਦਾ ਕਰਨਾ ਹੋਵੇਗਾ ਕਿ ਹਰ ਪ੍ਰਕਾਰ ਦੀ ਚਿੰਤਤ ਅਵਸਥਾ ਵਿੱਚ ਅਲੱਾਹ ਤਆਲਾ ਹੀ ਕੰਮ ਆਉਂਦਾ ਹੈ । ਇਸ ਤੋਂ ਬਿਨਾ ਹੋਰ ਕੋਈ ਮਾਰਗ ਨਹੀਂ । ਜੋ ਸਾਨੂੰ ਰੌਸ਼ਨੀ ਦੀ ਕਿਰਨ ਜਿੱਥੇ ਨਜ਼ਰ ਆਉਂਦੀ ਹੋਵੇ ਅਤੇ ਜੱਦ ਅਜਿਹੀ ਵਿਆਕੁਲਤਾ ਦੀ ਅਵਸਥਾ ਪੈਦਾ ਹੋ ਜਾਵੇ ਤਾਂ ਫਿਰ ਅਜਿਹੇ ਵਿਆਕੁਲ ਕੋਲ ਅਲੱਾਹ ਤਆਲਾ ਦੌੜਦਿਆਂ ਹੋਇਆਂ ਆਉਂਦਾ ਹੈ ਅਤੇ ਆਪਣੇ ਵਾਦੇ ਅਨੁਸਾਰ ਉਸ ਦੀਆਂ ਔਕੁੜਾਂ ਤੇ ਮੁਸੀਬਤਾਂ ਦੂਰ ਕਰ ਦਿੰਦਾ ਹੈ । ਉਸ ਦੇ ਕਸ਼ਟ ਹਵਾ ਵਿੱਚ ਉੱਡ ਜਾਂਦੇ ਹਨ । ਫਿਰ ਭਾਵੇਂ ਉਹ ਵਿਅਕਤੀਗਤ ਔਕੁੜਾ ਤੇ ਕਠਿਨਾਈਆਂ ਹੋਣ ਜਾਂ ਜਮਾਤੀ ਕਸ਼ਟ ਤੇ ਮੁਸ਼ਕਿਲਾਂ ਹੋਣ । ਫਿਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਕੇਵਲ ਇਹੋ ਨਹੀਂ ਹੋਵੇਗਾ ਕਿ (یکشف السوء) ਯਕਸ਼ਫ਼ਸੁੱਅ ਹੋਵੇ ਅਰਥਾਤ ਕਸ਼ਟਾਂ ਨੂੰ ਅਲੱਾਹ ਨੇ ਦੂਰ ਕਰ ਦਿੱਤਾ ਤੇ ਬਸ ਬਹੁਤ ਹੋ ਗਿਆ । ਅਲੱਾਹ ਤਆਲਾ ਜੱਦ ਪੁਰਸਕਾਰ ਦਿੰਦਾ ਹੈ ਤਾਂ ਉਸ ਦੇ ਪੁਰਸਕਾਰ ਅਸੀਮਤ ਹੁੰਦੇ ਹਨ । ਕਿਸੇ ਵੀ ਸੀਮਾ ਤੱਕ ਪੁਰਸਕਾਰ ਵਧਾ ਸਕਦਾ ਹੈ । ਇਸ ਲਈ ਇੱਥੇ ਜੱਦ ਮੁਸੀਬਤਾਂ ਵਿੱਚ ਫਸੇ ਮੋਮਨਾਂ ਦੀਆਂ ਮਸੀਬਤਾਂ ਨੂੰ ਦੂਰ ਕਰਨ ਦਾ ਅਲੱਾਹ ਤਆਲਾ ਨੇ ਫ਼ਰਮਾਇਆ ਤਾਂ ਨਾਲ ਹੀ ਇਹ ਵੀ ਫ਼ਰਮਾ ਦਿੱਤਾ ਕਿ ( یجعلکم خلفاء الارض) ਯਜਅਲਕੁਮ ਖ਼ੁਲੁਫ਼ਾਉਲ ਅਰਜ਼ ਕਿ ਉਹ ਤੁਹਾਨੂੰ ਧਰਤੀ ਦਾ ਵਾਰਸ ਬਣਾ ਦਿੰਦਾ ਹੈ । ਉਹ ਵੱਡੇ ਵੱਡੇ ਜ਼ਾਲਮਾਂ, ਜਾਬਰਾਂ ਤੇ ਸਿਰ ਫਿਰਿਆਂ ਨੂੰ ਤਬਾਹ ਕਰਕੇ ਮਜ਼ਲੂਮ ਅਤੇ ਕਮਜ਼ੋਰ ਦਿਖਾਈ ਦੇਣ ਵਾਲਿਆਂ ਨੂੰ ਉਹਨਾਂ ਦੀ ਥਾਂ ਬਿਠਾ ਦਿੰਦਾ ਹੈ । ਇਸ ਲਈ ਜਿੱਥੋਂ ਤੱਕ ਵਿਅਕਤੀਗਤ ਰੂਪ ਵਿੱਚ ਵਿਆਕੁਲ ਦੀਆਂ ਦੁਆਵਾਂ ਸੁਣ ਕੇ ਅਲੱਾਹ ਤਆਲਾ ਉਸ ਦੇ ਕਸ਼ਟ ਦੂਰ ਕਰ ਦਿੰਦਾ ਹੈ ਓਥੇ ਕੌਮੀ ਤੇ ਸਮਾਜੀ ਰੂਪ ਵਿੱਚ ਵੀ ਉਸ ਦੀਆਂ ਮੁਸੀਬਤਾਂ ਨੂੰ ਦੂਰ ਕਰਦਾ ਹੈ । ਅਤੇ ਇਹੋ ਹੀ ਕੁਰਆਨ ਕਰੀਮ ਨੇ ਸਾਨੂੰ ਦੂਜੀ ਥਾਂ ਵੀ ਦੱਸਿਆ ਹੈ । ਇਸ ਤੋਂ ਪਤਾ ਲਗਦਾ ਹੈ ਕਿ ਜੱਦ ਪਹਿਲੀਆਂ ਕੌਮਾਂ ਨੇ ਰਸੂਲਾਂ ਨਾਲ ਅਤੇ ਉਹਨਾਂ ਦੀਆਂ ਕੌਮਾਂ ਨਾਲ ਜ਼ਾਲਮਾਨਾ ਸੁਲੂਕ ਕੀਤਾ ਤਾਂ ਅਲੱਾਹ ਤਆਲਾ ਕਹਿੰਦਾ ਹੈ ਕਿ ਅਸੀਂ ਉਹਨਾਂ ਨੂੰ ਤਬਾਹ ਕਰ ਦਿੱਤਾ ਅਤੇ ਮਜ਼ਲੂਮਾਂ ਨੂੰ ਓਹਨਾਂ ਦੀ ਥਾਂ ਦੇ ਦਿੱਤੀ । ਵੱਡੇ ਵੱਡੇ ਜਾਬਰ ਅਤੇ ਵੱਡੇ ਵੱਡੇ ਜਾਹੋ ਜਲਾਲ ਵਾਲੇ ਪਹਿਲੇ ਲੋਕ ਸਨ ਪਰ ਉਹਨਾਂ ਦੇ ਨਾਂ ਤੱਕ ਮਿੱਟ ਗਏ । ਇਸ ਲਈ ਅੱਜ ਵੀ ਇਹ ਕਾਨੂਨ ਉਸੇ ਪ੍ਰਕਾਰ ਜਾਰੀ ਹੈ ਜਿਵੇਂ ਪਹਿਲੀਆਂ ਕੌਮਾਂ ਲਈ ਕਾਇਮ ਸੀ ।

ਅਲੱਾਹ ਤਆਲਾ ਜ਼ਾਲਮਾਂ ਨੂੰ ਮਾਰ ਮੁਕਾਉਂਦਾ ਹੈ, ਪਰ ਜੱਦ ਮਜ਼ਲੂਮ ਵਿਆਕੁਲ ਬਣ ਕੇ (متی نصر اللہ) ਮਤੀ ਨਸਰੁਲੱਾਹ (ਰੱਬ ਦੀ ਮਦਦ ਨੇੜੇ ਹੈ) ਸਮਝ ਕੇ ਦਰਦ ਭਰੀਆਂ ਦੁਆਵਾਂ ਕਰਦੇ ਹਨ ਤਾਂ ਅਲੱਾਹ ਤਆਲਾ ਦੀ ਮਿਹਰ ਜੋਸ਼ ਵਿੱਚ ਆਕੇ ਜ਼ਾਲਮਾ ਦੇ ਛੇਤੀ ਖ਼ਾਤਮੇ ਦੇ ਸਾਧਨ ਪੈਦਾ ਕਰ ਦਿੰਦੀ ਹੈ । ਤਾਕਤ ਅਤੇ ਬਹੁਗਿਣਤੀ ਦੇ ਜਿਸ ਭੁਲੇਖੇ ਵਿੱਚ ਅੱਜ ਇਹ ਲੋਕ ਜ਼ੁਲਮ ਕਰਨ ਲਈ ਤੁਲੇ ਬੈਠੇ ਹਨ, ਅਲੱਾਹ ਕਰੇ ਇਹਨਾਂ ਨੂੰ ਛੇਤੀ ਅਕਲ ਆ ਜਾਵੇ ਨਹੀਂ ਤਾਂ ਇਹੋ ਤਾਕਤ ਤੇ ਬਹੁਗਿਣਤੀ ਦਾ ਭੁਲੇਖਾ ਇਹਨਾਂ ਲਈ ਤਬਾਹੀ ਦਾ ਸਬਬ ਬਣਨ ਵਾਲੀ ਹੈ । ...

ਇਸ ਲਈ ਜਮਾਤੀ ਔਕੁੜਾਂ ਨੂੰ ਵੀ ਦੂਰ ਕਰਨ ਲਈ ਸਾਨੂੰ ਵਿਆਕੁਲ ਮਨ ਨਾਲ ਦੁਆਵਾਂ ਦੀ ਲੋੜ ਹੈ ਜਿਵੇਂ ਕਈ ਵਾਰ ਅਸੀਂ ਆਪਣੇ ਵਿਅਕਤੀਗੱਤ ਮਾਮਲਿਆਂ ਵਿੱਚ ਵਿਆਕੁਲਤਾ ਦਿਖਾਉਂਦੇ ਹਾਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਅਧਿਕਤਰ ਤੇ ਵਾਰ ਵਾਰ ਦੁਆ ਦੀ ਸ਼ਰਤ ਹੈ । ਸੋ ਇਹ ਵਿਚਾਰ ਕਰ ਲੈਣਾ ਕਿ ਅਸੀਂ ਰਮਜਾਨ ਵਿੱਚ ਦੁਆਵਾਂ ਕਰ ਲਈਆਂ ਤੇ ਬਹੁਤ ਹੋ ਗਿਆ, ਇਸ ਲਈ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਹ ਬਹੁਤ ਨਹੀਂ ਹੈ, ਸਾਨੂੰ ਹੁਣ ਵੀ ਨਿਰੰਤਰ ਦੁਆਵਾਂ ਦੀ ਲੋੜ ਹੈ । ਮਨੁੱਖ ਨੂੰ ਸਦਾ ਹੀ ਨਿਰੰਤਰ ਦੁਆਵਾਂ ਦੀ ਲੋੜ ਰਹਿੰਦੀ ਹੈ । ਜੱਦ ਅਲੱਾਹ ਤਆਲਾ ਸਾਨੂੰ ਪ੍ਰਤਖ ਫ਼ਤਹਿ ਵੀ ਦੇ ਦੇਵੇਗਾ ਫਿਰ ਵੀ ਤਕਵਾ (ਸੰਜਮਤਾ) ਦੇ ਮਾਰਗ ਉਪੱਰ ਚਲਦਿਆਂ ਹੋਇਆਂ ਉਸ ਦੀਆਂ ਮਿਹਰਾਂ ਨੂੰ ਸਾਂਭਣ ਲਈ ਨਿਰੰਤਰ ਦੁਆਵਾਂ ਦੀ ਲੋੜ ਹੋਵੇਗੀ । ਭਾਵ ਇਹ ਕਿ ਅਲੱਾਹ ਤਆਲਾ ਨਾਲ ਕਦੇ ਵੀ ਸੰਬੰਧਾਂ ਵਿੱਚ ਕਮੀ ਨਹੀਂ ਆਉਣੀ ਚਾਹੀਦੀ ਅਤੇ ਨ ਹੀ ਇਕ ਮੋਮਨ ਕਦੇ ਇਹ ਸਹਿਨ ਕਰ ਸਕਦਾ ਹੈ । ਕਸ਼ਟਾਂ ਵਿੱਚ ਵੀ ਸਾਨੂੰ ਪਰਵਾਨਗੀ ਦੀ ਲੋੜ ਹੈ ਅਤੇ ਵਿਸ਼ਰਾਮ ਤੇ ਸੌਖੇ ਸਮੇਂ ਵੀ ਸਾਨੂੰ ਰਬ ਦੀ ਯਾਦ ਦੀ ਲੋੜ ਹੈ । ਇਸ ਲਈ ਇਕ ਮੋਮਨ ਕਦੇ ਵੀ ਖ਼ੁਦਗ਼ਰਜ਼ ਨਹੀਂ ਹੁੰਦਾ ਨ ਹੀ ਆਰਜ਼ੀ ਤੇ ਸੀਮਤ ਸਮੇਂ ਦੀਆਂ ਦੁਆਵਾਂ ਤੇ ਵਕਤੀ ਜੋਸ਼ ਨੂੰ ਬਹੁਤ ਸਮਝਦਾ ਹੈ ਸਗੋਂ ਹਰ ਸਮੇਂ ਹਰ ਅਵਸਥਾ ਵਿੱਚ ਰੱਬ ਨਾਲ ਉਸ ਦਾ ਸੰਬੰਧ ਬਣਿਆ ਰਹਿੰਦਾ ਹੈ ਅਤੇ ਬਣਿਆ ਰਹਿਣਾ ਚਾਹੀਦਾ ਹੈ । ਇਹ ਈਮਾਨ (ਵਿਸ਼ਵਾਸ) ਤੇ ਸੰਬੰਧ ਹੀ ਮੋਮਨ ਨੂੰ ਆਮ ਅਵਸਥਾ ਵਿੱਚ ਵੀ ਦੁਆਵਾਂ ਦੀ ਪਰਵਾਨਗੀ ਦੇ ਨਿਸ਼ਾਨ (ਚਮਤਕਾਰ) ਦਿਖਾਉਂਦਾ ਰਹਿੰਦਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਥਾਂ ਫ਼ਰਮਾਇਆ ਕਿ :

ਚੇਤੇ ਰੱਖੋ ਕਿ ਅਲੱਾਹ ਤੋਂ ਬਿਨਾਂ ਕਿਸੇ ਵੱਲ ਝੁਕਣਾ, ਰੱਬ ਤੋਂ ਵੱਖ ਹੋਣਾ ਹੈ । ਇਹ ਤਾਂ ਇਕ ਹਕੀਕੀ ਮੋਮਨ ਕਦੇ ਵੀ ਸੋਚ ਵੀ ਨਹੀਂ ਸਕਦਾ ਕਿ ਰੱਬ ਨਾਲੋ ਸੰਬੰਧ ਤੋੜੇ, ਪਰ ਕਈ ਵਾਰ ਕਮਜ਼ੋਰੀਆਂ ਕਰਕੇ ਦੁਆਵਾਂ ਵਿੱਚ ਕਮੀ ਆ ਜਾਂਦੀ ਹੈ ਅਤੇ ਦੁਨੀਆਵੀ ਮਾਮਲਿਆਂ ਕਰਕੇ ਭੌਤਿਕਤਾ ਵੱਲ ਧਿਆਨ ਹੋ ਜਾਂਦਾ ਹੈ । ਜਾਂ ਦੁਆਵਾਂ ਦਾ ਹੱਕ ਪੂਰਾ ਨਹੀਂ ਹੁੰਦਾ । ਇਸ ਲਈ ਸਾਨੂੰ ਚਾਹੀਦਾ ਹੈ ਕਿ ਸਾਡੇ ਵਿੱਚੋਂ ਹਰ ਕੋਈ ਹਰ ਸਮੇਂ ਆਪਣੀਆਂ ਹਾਲਤਾਂ ਦਾ ਜਾਇਜ਼ਾ ਲੈਂਦਾ ਰਹੇ ਕਿ ਅਸੀਂ ਕਦੇ ਵੀ ਆਪਣੇ ਮਸਲਿਆਂ ਵਿੱਚ ਐਨ੍ਹਾ ਨ ਉਲਝੀਏ ਕਿ ਲੋਕਾਂ ਲਈ ਦੁਆਵਾਂ ਦਾ ਅਹਿਸਾਸ ਹੀ ਨ ਰਹੇ ਜੋ ਜਮਾਤ ਦੇ ਬੰਦੇ ਹੋਣ ਕਰਕੇ ਕਠਿਨਾਈਆਂ ਵਿੱਚ ਗ੍ਰਿਸੇ ਹੋਏ ਹਨ ।

ਯਾਦ ਰਖੋ ਜਮਾਤ ਦੇ ਹਰ ਬੰਦੇ ਦੀ ਦੁਆ ਅਤੇ ਅਲੱਾਹ ਤਆਲਾ ਨੂੰ ਉਸ ਦੇ ਰਹਿਮ, ਖਿਮਾ, ਬਖ਼ਸ਼ਿਸ਼, ਮਿਹਰ ਅਤੇ ਕ੍ਰਿਪਾ ਆਦਿ ਗੁਣਵਾਚਕ ਗੁਣਾ ਦਾ ਵਾਸਤਾ ਦੇਕੇ ਦੁਆ ਵੀ, ਉਹ ਦੁਆ ਜੋ ਜਮਾਤੀ ਕਸਟਾਂ ਨੂੰ ਵੀ ਦੂਰ ਕਰਨ ਦਾ ਸਬਬ ਬਣਦੀ ਹੈ । ..

ਇਸ ਲਈ ਜੱਦ ਅਸੀਂ ਇਕ ਜਮਾਤ ਵਿੱਚ ਪਰੋਏ ਹੋਏ ਦਾ ਦਾਵਾ ਕਰਦੇ ਹਾਂ ਤਾਂ ਆਪਣੀਆਂ ਦੁਆਵਾਂ ਰਾਹੀਂ ਜਮਾਤੀ ਕਸ਼ਟਾਂ ਨੂੰ ਦੂਰ ਕਰਨ ਲਈ ਵੀ ਦੁਆ ਮੰਗਣ ਦੀ ਲੋੜ ਹੈ । ਕੇਵਲ ਆਪਣੀਆਂ ਵਿਅਕਤੀਗੱਤ ਕਠਿਨਾਈਆਂ ਤੇ ਔਕੁੜਾਂ ਤੇ ਪਰੇਸ਼ਨੀਆਂ ਨੂੰ ਆਪਣਾ ਸਮਝਦੇ ਹੋਏ ਉਹਨਾਂ ਲਈ ਦੁਆਵਾਂ ਵਿੱਚ ਹੀ ਨ ਡੁੱਬੇ ਰਹੋ ਸਗੋਂ ਜਮਾਤੀ ਦੁਆਵਾਂ ਵਿੱਚ ਵੀ ਉਹ ਵਿਆਕੁਲਤਾ ਅਤੇ ਚਿੰਤਾ ਪੈਦਾ ਕਰੋ ਜੋ ਆਪਣੀਆਂ ਵਿਅਕਤੀਗੱਤ ਪਰੇਸ਼ਾਨੀਆਂ ਨੂੰ ਦੂਰ ਕਰਨ ਲਈ ਇਕ ਮਨੁੱਖ ਵਿੱਚ ਪੈਦਾ ਹੁੰਦੀਆਂ ਹਨ । ਜਮਾਤ ਦੀ ਤਰੱਕੀ ਅਤੇ ਹਾਲਾਤ ਬਦਲਣ ਲਈ ਜੱਦ ਦੋ ਨਫ਼ਲ ਪੜ੍ਹਦੇ ਹਨ ਜਿਵੇਂ ਕਿ ਮੈਂ ਕਿਹਾ ਸੀ ਪੜ੍ਹਿਆ ਕਰੋ ਅਤੇ ਬਹੁ ਗਿਣਤੀ ਮੈਨੂੰ ਲਿਖੱਦੀ ਵੀ ਹੈ ਕਿ ਅਸੀਂ ਪੜ੍ਹਦੇ ਹਾਂ ਤਾਂ ਇਸ ਵਿੱਚ ਦਰਦ ਭਰੀਆਂ ਦੁਆਵਾਂ ਕਰੋ ।

ਇਸ ਲਈ ਜਿੱਥੇ ਸਾਨੂੰ ਆਪਣੇ ਕਰਮ ਰੱਬ ਲਈ ਖ਼ਾਲਸ ਕਰਨ ਦੀ ਲੋੜ ਹੈ ਕਿ ਕਰਮ ਦੁਆਵਾਂ ਦੀ ਪਰਵਾਨਗੀ ਵਿੱਚ ਬਹੁਤ ਵੱਡਾ ਕਿਰਦਾਰ ਨਿਭਾਉਂਦੇ ਹਨ । ਓਥੇ ਸਾਨੂੰ ਜਮਾਤ ਦੇ ਕਸ਼ਟਾਂ ਨੂੰ ਆਪਣੇ ਕਸ਼ਟ ਸਮਝਦਿਆਂ ਹੋਇਆਂ ਬਹੁਤ ਹੀ ਕੁਰਲਾਉਂਦਿਆਂ ਹੋਇਆਂ ਨਿਮਰਤਾ ਤੇ ਆਜਜ਼ੀ ਨਾਲ ਉਸਨੂੰ ਦੂਰ ਕਰਨ ਦੀਆਂ ਦੁਆਵਾਂ ਦੀ ਲੋੜ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਦੁਆਵਾਂ ਦੀ ਪਰਵਾਨਗੀ ਲਈ ਇਹ ਵੀ ਜ਼ਰੂਰੀ ਹੈ ਕਿ ਮਨੁੱਖ ਆਪਣੇ ਅੰਦਰ ਪਵਿੱਤਰ ਪਰਿਵਰਤਨ ਪੈਦਾ ਕਰੇ ਜੇਕਰ ਬਦੀਆਂ ਤੋਂ ਨਹੀਂ ਬਚ ਸਕਦਾ ਅਤੇ ਰੱਬ ਦੀਆਂ ਹਦਾਂ ਨੂੰ ਤੋੜਦਾ ਹੈ ਤਾਂ ਫਿਰ ਦੁਆਵਾਂ ਵਿੱਚ ਕੋਈ ਪ੍ਰਭਾਵ ਨਹੀਂ ਰਹਿੰਦਾ ।

ਅਲੱਾਹ ਤਆਲਾ ਕਰੇ ਕਿ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਇਛੱਾ ਅਨੁਸਾਰ ਆਪਣੇ ਜੀਵਨ ਵਿੱਚ ਪਾਕ ਪਰਿਵਰਤਨ ਪੈਦਾ ਕਰਦਿਆਂ ਹੋਇਆਂ ਆਪਣੇ ਸਾਰੇ ਕੰਮ ਰੱਬ ਦੀ ਰਜ਼ਾ ਅਨੁਸਾਰ ਸਿਰੇ ਚੜ੍ਹਾਉਂਣ ਵਾਲੇ ਹੋਈਏ । ਇਸ ਲਈ ਸਾਨੂੰ ਸਦਾ ਜਤਨ ਕਰਦੇ ਰਹਿਣਾ ਚਾਹੀਦਾ ਹੈ । ਉਸ ਦੀ ਹਜ਼ੂਰੀ ਵਿੱਚ ਵਿਆਕੁਲਤਾ ਨਾਲ ਕੁਰਲਾਉਂਦਿਆਂ ਹੋਇਆਂ ਦੁਆ ਵੱਲ ਧਿਆਨ ਦੇਣ ਵਾਲੇ ਬਣੀਏ । ਆਪਣੀ ਦੁਆਵਾਂ ਵਿੱਚ ਜਮਾਤੀ ਤਰੱਕੀ ਅਤੇ ਮੁਸੀਬਤਾਂ ਨੂੰ ਛੇਤੀ ਦੂਰ ਹੋਣ ਲਈ ਦੁਆਵਾਂ ਵਿੱਚ ਸ਼ਿਦੱਤ ਪੈਦਾ ਕਰਨ ਵਾਲੇ ਹੋਈਏ ਜੋ ਅਸੀਂ ਆਪਣੀਆਂ ਤਕਲੀਫ਼ਾਂ ਵਿੱਚ ਕਰਦੇ ਹਾਂ । ਉਹ ਸ਼ਿਦੱਤ ਸਾਡੀਆਂ ਦੁਆਵਾਂ ਵਿੱਚ ਜਮਾਤ ਲਈ ਵੀ ਪੈਦਾ ਹੋਵੇ । ਇਕ ਹੋਕੇ ਅਸੀਂ ਵਿਰੋਧੀਆਂ ਦੀ ਕੂਟਨੀਤੀ ਤੋਂ ਬਚਣ ਲਈ ਦੁਆਵਾਂ ਕਰਨ ਵਾਲੇ ਹੋਈਏ, ਜਿਵੇਂ ਕਿ ਮੈਂ ਅਰੰਭ ਵਿੱਚ ਕਿਹਾ ਸੀ ਕਿ ਜੱਦ ਤੱਕ ਅਸੀਂ ਖ਼ਾਲਸ ਹੋਕੇ ਅਲੱਾਹ ਤਆਲਾ ਅੱਗੇ ਇਹਨਾਂ ਜਮਾਤੀ ਕਸ਼ਟਾਂ ਨੂੰ ਦੂਰ ਕਰਨ ਲਈ ਨਹੀਂ ਝੁਕਾਂਗੇ ਅਸੀਂ ਛੇਤੀ ਆਪਣੇ ਮੰਤਵ ਨੂੰ ਪ੍ਰਾਪਤ ਨਹੀਂ ਕਰ ਸਕਾਂਗੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਬਾਦ ਸਾਡੀਆਂ ਸਾਮੂਹਿਕ ਦੁਆਵਾਂ ਹੀ ਸਾਡੀਆਂ ਵਿਅਤਕੀਗੱਤ ਔਕੁੜਾਂ ਨੂੰ ਵੀ ਦੂਰ ਕਰ ਸਕਦੀਆਂ ਹਨ । ਜੱਦ ਦੂਜਿਆਂ ਲਈ ਦੁਆ ਕਰਦਾ ਹੈ ਤਾਂ ਫ਼ਰਿਸ਼ਤੇ ਵੀ ਉਸ ਲਈ ਦੁਆ ਕਰ ਰਹੇ ਹੁੰਦੇ ਹਨ । ਗ਼ਾਰ (ਗੁਫ਼ਾ) ਗਾੜੀਓਂ ਪਥੱਰ ਉਸ ਸਮੇਂ ਹਟਦੇ ਹਨ ਜੱਦ ਦੁਆਵਾਂ ਦੀ ਦਿਸ਼ਾ ਤੇ ਉਦੇਸ਼ ਸਾਮੂਹਿਕ ਹੋਵੇ । ਇਸ ਲਈ ਜਮਾਤ ਦੇ ਕਿਸੇ ਵਿਅਕਤੀ ਨੂੰ ਇਸ ਖ਼ੁਦਗ਼ਰਜ਼ੀ ਵਿੱਚ ਨਹੀਂ ਪੈਣਾ ਚਾਹੀਦਾ ਕਿ ਮੈਂ ਠੀਕ ਹਾਂ ਤਾਂ ਸਭ ਠੀਕ ਹੈ । ਦੁਨੀਆ ਦੇ ਕਿਸੇ ਵੀ ਭਾਗ ਵਿੱਚ ਵਸੱਣ ਵਾਲੇ ਅਹਮਦੀ ਦਾ ਕਸ਼ਟ ਸਾਡਾ ਸਾਰਿਆਂ ਦਾ ਸਾਮੂਹਿਕ ਕਸ਼ਟ ਹੈ । ਇਸ ਦਾ ਅਨੁਭਵ ਸਾਡੇ ਵਿੱਚ ਪੈਦਾ ਹੋਣਾ ਚਾਹੀਦਾ ਹੈ ਅਤੇ ਇਸ ਦੇ ਲਈ ਸਾਨੂੰ ਦੁਆਵਾਂ ਵੱਲ ਧਿਆਨ ਦੇਣ ਦੀ ਲੋੜ ਹੈ । ਕੇਵਲ ਅਹਿਸਾਸ ਹੀ ਨ ਪੈਦਾ ਹੋਵੇ ਅਤੇ ਇਹੋ ਹੱਥਿਆਰ ਹੈ ਜਿਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ :

ਸਾਡੀਆਂ ਜਿੱਤਾਂ ਨੂੰ ਇਹ ਹੱਥਿਆਰ ਪਾਰ ਲੰਘਾਏਗਾ । ਪਰ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਜੋਸ਼ ਵਿੱਚ ਦੁਸ਼ਮਣਾ ਬਾਰੇ ਜਾਂ ਵਿਰੋਧੀਆਂ ਬਾਰੇ ਇਹ ਦੁਆ ਨਹੀਂ ਕਰਨੀ ਕਿ ਉਹਨਾਂ'ਤੇ ਰੱਬ ਦੀ ਕਰੋਪੀ ਹੋਵੇ, ਕਿ ਰੱਬ ਉਹਨਾਂ'ਤੇ ਅਜ਼ਾਬ ਨਾਜ਼ਲ ਕਰੇ ਸਗੋਂ ਇਹ ਦੁਆ ਕਰਨੀ ਹੈ ਕਿ ਹੇ, ਅਲੱਾਹ ! ਅਸੀਂ ਆਪਣੀ ਸਫ਼ਲਤਾ ਚਾਹੁੰਦੇ ਹਾਂ, ਮੁਸੀਬਤਾਂ ਤੇ ਔਕੁੜਾਂ ਦੂਰ ਕਰਨ ਲਈ ਤੈਥੋਂ ਦੁਆ ਮੰਗਦੇ ਹਾਂ, ਇਹਨਾਂ ਕਠਿਨਾਈਆਂ ਦੇ ਦੂਰ ਹੋਣ ਲਈ ਅਸੀਂ ਦੁਆ ਕਰਦੇ ਹਾਂ । ਹੇ, ਅਲੱਾਹ ਅਸੀਂ ਉਹਨਾਂ ਲੋਕਾਂ ਦਾ ਵੀ ਭਲਾ ਮੰਗਦੇ ਹਾਂ, ਤਬਾਹੀ ਨਹੀਂ ਚਾਹੁੰਦੇ, ਅਸੀਂ ਨਿਤਾਣਿਆਂ ਨੂੰ ਤੇਰੀ ਓਟ ਚਾਹੁੰਦੇ ਹਾਂ ਅਤੇ ਇਹਨਾ ਸੰਗੀਨ ਹਾਲਾਤਾਂ ਹੁੰਦਿਆਂ ਹੋਇਆਂ ਵੀ ਅਸੀਂ ਤੇਰੀਆਂ ਮਿਹਾਰਾਂ ਤੇ ਕਿਰਪਾਵਾਂ ਦੇ ਨਜ਼ਾਰੇ ਦੇਖਦੇ ਰਹਿੰਦੇ ਹਾਂ । ਇਸ ਲਈ ਜੇਕਰ ਤੂੰ ਉਹਨਾਂ ਲੋਕਾਂ ਨੂੰ ਵੀ ਆਪਣੀ ਓਟ ਤੇ ਸੁਮਾਰਗ ਬਖ਼ਸ਼ ਦੇਵੇਂ ਤਾਂ ਇਹ ਸਾਡੇ ਲਈ ਬਹੁਤ ਵੱਡੀ ਖ਼ੁਸ਼ਕਿਸਮਤੀ ਹੈ ਅਤੇ ਉਹਨਾਂ ਲਈ ਵੀ । ਪਰ ਤੇਰੀ ਨੀਤੀ ਕਈਆਂ ਨੂੰ ਇਸ ਯੋਗ ਨਹੀਂ ਸਮਝਦੀ, ਉਹਨਾਂ ਦਾ ਅੰਤ ਕਰਨ ਵਿੱਚ ਭਲਾਈ ਹੈ ਤਾਂ ਤੂੰ ਉਹਨਾਂ ਨੂੰ ਸਾਡੇ ਮਾਰਗ ਵਿੱਚੋਂ ਹਟਾ ਦੇ ਤਾਂ ਜੋ ਇਸਲਾਮ ਦੀ ਤਰੱਕੀ ਜੋ ਹੁਣ ਤੂੰ ਅਹਮਦੀਅਤ ਅਤੇ ਹਕੀਕੀ ਇਸਲਾਮ ਨਾਲ ਸੰਬੰਧਤ ਕੀਤੀ ਹੈ ਉਸ ਵਿੱਚ ਇਹਨਾਂ ਦੀ ਹੋਂਦ ਰੋਕ ਨ ਬਣ ਸਕੇ ।

ਇਸ ਲਈ ਜਿੱਥੇ ਇਹ ਦੁਆ ਵੀ ਹੈ ਓਥੇ ਅਲੱਾਹ ਤਆਲਾ ਦੀ ਹਿਕਮਤ (ਦਾਨਾਈ ਜਾਂ ਨੀਤੀ) ਜਿੱਥੇ ਚਾਹੁੰਦੀ ਹੈ ਓਥੇ ਇਹ ਦੁਆ ਵੀ ਬਣ ਜਾਵੇਗੀ । ਇਸ ਪੱਖੋਂ ਸਾਨੂੰ ਇਹ ਦੁਆ ਕਰਨੀ ਚਾਹੀਦੀ ਹੈ ਨ ਕਿ ਸਿੱਧੀ ਬਦ-ਦੁਆ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਦੁਆਵਾਂ ਦਾ ਹੱਕ ਪੂਰਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

★★★★★ ਖ਼ੁਤਬਾ ਸਾਨੀਆ ★★★★